**ਫਿਲਮ ਰੀਵੀਊ**

# ਟਰੈਫਿਕ ਸਿਗਨਲ




**ਸੁਖਵੰਤ ਹੁੰਦਲ**

ਜਦੋਂ ਤੁਸੀਂ ਹਿੰਦੁਸਤਾਨ ਦੇ ਕਿਸੇ ਸ਼ਹਿਰ ਵਿੱਚ ਟਰੈਫਿਕ ਸਿਗਨਲ ਉੱਤੇ ਰੁਕਦੇ ਹੋ ਤਾਂ ਬਹੁਤ ਸਾਰੇ ਲੋਕ ਤੁਹਾਡੀ ਗੱਡੀ ਕੋਲ ਪਹੁੰਚ ਤੁਹਾਡਾ ਧਿਆਨ ਆਪਣੇ ਵੱਲ ਖਿੱਚਣ ਦੀ ਕੋਸ਼ਿਸ਼ ਕਰਦੇ ਹਨ। ਇਹਨਾਂ ਵਿੱਚੋਂ ਕੁਝ ਲੋਕ ਤੁਹਾਡੇ ਕੋਲੋਂ ਭੀਖ ਮੰਗਦੇ ਹਨ ਅਤੇ ਕੁੱਝ ਲੋਕ ਆਪਣੀਆਂ ਚੀਜ਼ਾਂ ਵੇਚਣ ਦੀ ਕੋਸ਼ਿਸ਼ ਕਰਦੇ ਹਨ। ਫਿਲਮ ਟਰੈਫਿਕ ਸਿਗਨਲ ਇਹਨਾਂ ਲੋਕਾਂ ਦੀ ਕਹਾਣੀ ਹੈ ਜੋ ਮੁੰਬਈ ਦੇ ਕਿਸੇ ਕਲਪਿਤ ਟਰੈਫਿਕ ਸਿਗਨਲ ਉੱਪਰ ਵਾਪਰਦੀ ਹੈ। ਇਸ ਟਰੈਫਿਕ ਸਿਗਨਲ ਉੱਪਰ ਕੰਮ ਕਰਦੇ ਮੰਗਤੇ, ਚੀਜ਼ਾਂ ਵੇਚਣ ਵਾਲੇ, ਔਰਤ ਅਤੇ ਮਰਦ ਵੇਸਵਾਵਾਂ, ਜੇਬ ਕੱਟੀ ਜਾਣ ਵਰਗਾ ਨਾਟਕ ਕਰਕੇ ਲੋਕਾਂ ਤੋਂ ਪੈਸੇ ਬਟੋਰਨ ਵਾਲੇ ਅਤੇ ਇਹਨਾਂ ਸਾਰੇ ਲੋਕਾਂ ਤੋਂ ਹਫਤਾ ਉਗਰਾਹੁਣ ਵਾਲੇ ਇਸ ਫਿਲਮ ਦੇ ਮੁੱਖ ਪਾਤਰ ਹਨ। ਉਸ ਟਰੈਫਿਕ ਸਿਗਨਲ ਤੋਂ ਰੋਜ਼ ਲੰਘਣ ਵਾਲੇ ਅਤੇ ਲਾਲ ਬੱਤੀ ਹੋਣ ਕਾਰਨ ਉੱਥੇ ਕੁਝ ਸਕਿੰਟਾਂ ਲਈ ਰੁਕਣ ਵਾਲੇ ਮੱਧਵਰਗੀ ਅਤੇ ਅਮੀਰ ਲੋਕ ਇਸ ਫਿਲਮ ਦੇ ਉੱਪਪਾਤਰ ਹਨ।

ਫਿਲਮ ਦੇ ਪਹਿਲੇ 15-20 ਮਿੰਟਾਂ ਵਿੱਚ ਫਿਲਮਕਾਰ ਬਹੁਤ ਤੇਜ਼ ਰਫਤਾਰ ਸ਼ਾਟਾਂ ਨਾਲ ਟਰੈਫਿਕ ਸਿਗਨਲ ਦੁਆਲੇ ਵਸਦੀ ਜ਼ਿੰਦਗੀ ਦੇ ਵੱਖ ਵੱਖ ਦ੍ਰਿਸ਼ ਵਿਖਾ ਕੇ ਉੱਥੋਂ ਦੀ ਜ਼ਿੰਦਗੀ ਦੀ ਭਗਦੜ ਸਥਾਪਤ ਕਰਨ ਦਾ ਯਤਨ ਕਰਦਾ ਹੈ ਅਤੇ ਇਸ ਯਤਨ ਵਿੱਚ ਕਾਮਯਾਬ ਹੁੰਦਾ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਫਿਲਮਕਾਰ ਤੁਹਾਨੂੰ ਇਕ ਕਹਾਣੀ ਨਹੀਂ ਸਗੋਂ ਅਨੇਕਾਂ ਕਹਾਣੀਆਂ ਦਸ ਰਿਹਾ ਹੈ - ਟਰੈਫਿਕ ਸਿਗਨਲ ਉੱਪਰ ਕੰਮ ਕਰਦੇ ਹਰ ਇਕ ਪਾਤਰ ਦੀ ਇਕ ਵੱਖਰੀ ਕਹਾਣੀ। ਸਮਾਂ ਬੀਤਣ ਨਾਲ ਜਿੱਥੇ ਇਹ ਵੱਖ ਵੱਖ ਕਹਾਣੀਆਂ ਹੋਰ ਸਪਸ਼ਟ ਅਤੇ ਮੁਕੰਮਲ ਹੋ ਜਾਂਦੀਆਂ ਹਨ, ਉਸ ਦੇ ਨਾਲ ਹੀ ਇਕ ਵੱਡੀ ਕਹਾਣੀ ਸਾਹਮਣੇ ਆਉਣੀ ਸ਼ੁਰੂ ਹੋ ਜਾਂਦੀ ਹੈ। ਟਰੈਫਿਕ ਸਿਗਨਲ ਉੱਪਰ ਕੰਮ ਕਰਦੇ ਇਹ ਸਾਰੇ ਲੋਕ ਹਿੰਦੁਸਤਾਨ ਦੀ ਇਕ ਵੱਡੀ "ਅਨਿਯਮਤ ਆਰਥਿਕਤਾ-ਇਨਫਾਰਮਲ ਇਕਾਨਮੀ" ਦਾ ਹਿੱਸਾ ਹਨ। ਇਸ ਅਨਿਯਮਤ ਆਰਥਿਕਤਾ ਵਿੱਚ ਕੰਮ ਕਰਨ ਵਾਲਿਆਂ ਦੇ ਕੋਈ ਮੁਢਲੇ ਹੱਕ ਨਹੀਂ। ਹੱਕਾਂ ਤੋਂ ਵੰਚਿਤ ਇਹ ਲੋਕ ਜਿਉਂਦਾ ਰਹਿਣ ਲਈ ਦਿਨ ਰਾਤ ਸਖਤ ਕੰਮ ਕਰਦੇ ਹਨ ਅਤੇ ਹਰ ਤਰ੍ਹਾਂ ਦਾ ਦੁਰਵਿਵਹਾਰ ਸਹਿੰਦੇ ਹਨ। (ਇਹ ਵੀ ਸੱਚ ਹੈ ਕਿ ਉਹਨਾਂ ਵਿਚੋਂ ਕੁਝ ਲੋਕ ਕਈ ਵਾਰ ਟਰੈਫਿਕ ਸਿਗਨਲ ਤੋਂ ਲੰਘਣ ਵਾਲੇ ਲੋਕਾਂ ਨਾਲ ਧੋਖਾ ਕਰਕੇ ਪੈਸੇ ਬਟੋਰ ਲੈਂਦੇ ਹਨ।) ਸਿਤਮ ਦੀ ਗੱਲ ਇਹ ਹੈ ਕਿ ਇਸ ਤਰ੍ਹਾਂ ਦਾ ਕੰਮ ਕਰਨ ਬਦਲੇ ਉਹਨਾਂ ਨੂੰ ਮਾਫੀਆ ਦੇ ਬੌਸਾਂ ਨੂੰ ਹਫਤਾ ਦੇਣਾ ਪੈਂਦਾ

ਹੈ। ਇਹਨਾਂ ਲੋਕਾਂ ਦੀ ਸਖਤ ਅਤੇ ਨਿਰਦਈ ਜ਼ਿੰਦਗੀ ਨੂੰ ਫਿਲਮ ਦਾ ਇਹ ਗੀਤ ਬਹੁਤ ਹੀ ਖ਼ੂਬਸੂਰਤੀ ਨਾਲ ਪ੍ਰਤਿਬਿੰਬਤ ਕਰਦਾ ਹੈ:

ਯਹੀ ਜ਼ਿੰਦਗੀ ਹੈ, ਤੋ ਕਿਆ ਜ਼ਿੰਦਗੀ ਹੈ

ਕਹੀਂ ਰਾਖ ਬਣ ਕੇ ਸੁਲਘਤੀ ਰਹੀ
ਕਹੀਂ ਦਰਦੋਂ ਗਮ ਸੇ ਵਿਲਖਤੀ ਰਹੀ
ਕਹੀਂ ਅਸ਼ਕ ਬਣ ਕੇ ਬਰਸਤੀ ਰਹੀ
ਕਹੀਂ ਲਮਹਾ ਲਮਹਾ ਤਰਸਤੀ ਰਹੀ

ਯਹੀ ਜ਼ਿੰਦਗੀ ਹੈ ਤੋਂ ਕਿਆ ਜ਼ਿੰਦਗੀ ਹੈ।

ਫਿਲਮਕਾਰ ਨੇ ਜਿੱਥੇ ਇਹਨਾਂ ਲੋਕਾਂ ਦੀ ਰੋਜ਼ਾਨਾ ਜ਼ਿੰਦਗੀ ਦੀ ਕਰੂਰਤਾ ਨੂੰ ਬਹੁਤ ਵਿਸਥਾਰ ਵਿੱਚ ਦਿਖਾਇਆ ਹੈ, ਉੱਥੇ ਉਸਨੇ ਇਹਨਾਂ ਲੋਕਾਂ ਵਿਚਲੇ ਭਾਈਚਾਰੇ ਅਤੇ ਸਾਂਝ ਨੂੰ ਵੀ ਚੰਗੀ ਤਰ੍ਹਾਂ ਪੇਸ਼ ਕੀਤਾ ਹੈ। ਸ਼ਾਇਦ ਇਹ ਸਾਂਝ ਅਤੇ ਭਾਈਚਾਰਾ ਹੀ ਉਹਨਾਂ ਲਈ ਅਜਿਹੀ ਜ਼ਿੰਦਗੀ ਵਿੱਚ ਦੀ ਲੰਘਣ ਦਾ ਵੱਡਾ ਸਹਾਰਾ ਹੈ।

ਟਰੈਫਿਕ ਸਿਗਨਲ ਤੋਂ ਆਪਣੀਆਂ ਗੱਡੀਆਂ ਜਾਂ ਆਵਾਜਾਈ ਦੇ ਹੋਰ ਸਾਧਨਾਂ ਰਾਹੀਂ ਲੰਘਣ ਵਾਲੇ ਲੋਕਾਂ, ਜਿਹਨਾਂ ਨੂੰ ਅਸੀਂ ਉੱਪਰ ਇਸ ਫਿਲਮ ਦੇ ਉੱਪਪਾਤਰ ਕਿਹਾ ਹੈ, ਦੇ ਇਸ ਫਿਲਮ ਦੇ ਮੁੱਖ ਪਾਤਰਾਂ ਬਾਰੇ ਕੀ ਵਿਚਾਰ ਹਨ? ਸੱਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਉਹ ਇਹਨਾਂ ਲੋਕਾਂ ਬਾਰੇ ਕੁੱਝ ਵੀ ਜਾਣਨਾ ਨਹੀਂ ਚਾਹੁੰਦੇ। ਇਹ ਲੋਕ ਉਹਨਾਂ ਲਈ ਇਕ ਰੁਕਾਵਟ ਹਨ, ਇਕ ਸਿਰਦਰਦੀ ਹਨ। ਟਰੈਫਿਕ ਸਿਗਨਲ ਉੱਪਰ ਕੁੱਝ ਸਕਿੰਟਾਂ ਲਈ ਰੁਕੇ, ਆਪਣੀਆਂ ਆਪਣੀਆਂ ਗੱਡੀਆਂ ਜਾਂ ਦੂਸਰੇ ਸਾਧਨਾਂ ਵਿੱਚ ਬੈਠੇ ਉਹ ਲੋਕ ਕਿਸੇ ਤਰ੍ਹਾਂ ਵੀ ਇਹਨਾਂ ਲੋਕਾਂ ਨਾਲ ਦੋ ਚਾਰ ਨਹੀਂ ਹੋਣਾ ਚਾਹੁੰਦੇ ਪਰ ਉਹਨਾਂ ਨੂੰ ਇਹਨਾਂ ਨਾਲ ਦੋ ਚਾਰ ਹੋਣਾ ਪੈਂਦਾ ਹੈ। (ਇਥੇ ਇਹ ਵੀ ਸਹੀ ਹੈ ਕਿ ਟਰੈਫਿਕ ਸਿਗਨਲ ਤੋਂ ਲੰਘਣ ਵਾਲੇ ਕੁੱਝ ਲੋਕ, ਟਰੈਫਿਕ ਸਿਗਨਲ ਉੱਪਰ ਕੰਮ ਕਰਦੇ ਲੋਕਾਂ ਉੱਪਰ ਤਰਸ ਕਰਦੇ ਹਨ ਅਤੇ ਉਹਨਾਂ ਨੂੰ ਭੀਖ ਦਿੰਦੇ ਹਨ।) ਸ਼ਾਇਦ ਫਿਲਮਕਾਰ ਟਰੈਫਿਕ ਸਿਗਨਲ ਉੱਪਰ ਅਜਿਹੀ ਸਥਿਤੀ ਦਿਖਾ ਕੇ ਹਿੰਦੁਸਤਾਨ ਦੀ ਸਮੁੱਚੀ ਸਥਿਤੀ ਉੱਪਰ ਟਿੱਪਣੀ ਕਰਨਾ ਚਾਹੁੰਦਾ ਹੈ ਕਿ ਹਿੰਦੁਸਤਾਨ ਦੇ ਮੱਧਵਰਗੀ ਅਤੇ ਅਮੀਰ ਲੋਕ ਗਰੀਬ ਲੋਕਾਂ ਨਾਲ ਕਿਸੇ ਤਰ੍ਹਾਂ ਦਾ ਵਾਹ ਨਹੀਂ ਰੱਖਣਾ ਚਾਹੁੰਦੇ। ਉਹ ਗਰੀਬ ਲੋਕਾਂ ਨੂੰ ਆਪਣੀ ਤਰੱਕੀ ਵਿੱਚ ਰੁਕਾਵਟ ਸਮਝਦੇ ਹਨ ਅਤੇ ਹਿੰਦੁਸਤਾਨ ਉੱਪਰ ਭਾਰ।

ਅੱਜ ਹਰ ਪਾਸੇ ਇਹ ਪਰਚਾਰਿਆ ਜਾ ਰਿਹਾ ਹੈ ਕਿ ਹਿੰਦੁਸਤਾਨ ਦੁਨੀਆਂ ਵਿੱਚ ਇਕ ਵੱਡੀ ਆਰਥਿਕ ਤਾਕਤ ਬਣ ਰਿਹਾ ਹੈ, ਅਤੇ ਇਹ ਬਹੁਤ ਛੇਤੀਂ ਦੁਨੀਆਂ ਦੇ ਦੂਸਰੇ ਵਿਕਸਤ ਦੇਸ਼ਾਂ (ਅਮਰੀਕਾ ਵਗੈਰਾ ਲਈ) ਇਕ ਵੱਡੀ ਚੁਣੌਤੀ ਬਣ ਜਾਵੇਗਾ। ਫਿਲਮ ਟਰੈਫਿਕ ਸਿਗਨਲ ਦੇਖ ਕੇ ਸਵਾਲ ਉੱਠਦਾ ਹੈ ਕਿ ਹਿੰਦੁਸਤਾਨ ਦੀ ਹੋ ਰਹੀ ਇਸ "ਆਰਥਿਕ ਤਰੱਕੀ" ਵਿੱਚ ਹਿੰਦੁਸਤਾਨ ਦੀ "ਅਨਿਯਮਤ ਆਰਥਿਕਤਾ" ਵਿੱਚ ਕੰਮ ਕਰਦੇ ਲੋਕਾਂ ਦਾ ਕੀ ਸਥਾਨ ਹੈ? ਕੀ ਵਰਲਡ ਬੈਂਕ, ਅੰਤਰਰਾਸ਼ਟਰੀ ਮੁਦਰਾ ਫੰਡ, ਵਰਲਡ ਟਰੇਡ ਆਰਗੇਨਾਇਜੇਸ਼ਨ ਦੀਆਂ ਹਿਦਾਇਤਾਂ ਉੱਪਰ ਹਿੰਦੁਸਤਾਨ ਦੀ ਯੋਜਨਾਬੰਦੀ ਕਰਨ ਵਾਲੇ ਮਾਹਰਾਂ ਅਤੇ ਨੇਤਾਵਾਂ ਨੂੰ ਇਸ ਗੱਲ ਦਾ ਗਿਆਨ ਹੈ, ਕਿ ਹਿੰਦੁਸਤਾਨ ਦੀ ਮੁੱਖ ਧਾਰਾ ਦੀ ਆਰਥਿਕਤਾ ਤੋਂ ਬਾਹਰ ਕਿੰਨੇ ਲੋਕ ਕੰਮ ਕਰ ਰਹੇ ਹਨ। ਕੀ ਉਹ ਆਪਣੀਆਂ ਯੋਜਨਾਵਾਂ ਵਿੱਚ ਇਹਨਾਂ ਲੋਕਾਂ ਦੀਆਂ ਸਮੱਸਿਆਵਾਂ ਅਤੇ ਸਰੋਕਾਰਾਂ ਨੂੰ ਧਿਆਨ ਵਿੱਚ ਰੱਖਦੇ ਹਨ? ਬਹੁਤ ਹੀ ਯਥਾਰਥਕ ਢੰਗ ਨਾਲ ਬਣਾਈ ਫਿਲਮ ਟਰੈਫਿਕ ਸਿਗਨਲ ਉਹਨਾਂ ਲੋਕਾਂ ਦੀਆਂ ਅੱਖਾਂ ਤੋਂ ਪਰਦਾ ਲਾਹੁਣ ਵਿੱਚ ਸਹਾਈ ਹੋਵੇਗੀ ਜੋ ਹਿੰਦੁਸਤਾਨ ਦੀ ਅਜੋਕੀ ਆਰਥਿਕ ਤਰੱਕੀ ਉੱਪਰ ਅੱਖਾਂ ਮੀਟੀ ਤਾੜੀਆਂ ਮਾਰ ਰਹੇ ਹਨ।

ਇਹ ਫਿਲਮ ਦੇਖਣ ਤੋਂ ਬਾਅਦ ਅਗਲਾ ਸਵਾਲ ਇਹ ਉੱਠਦਾ ਹੈ ਕਿ ਟਰੈਫਿਕ ਸਿਗਨਲ ਉੱਤੇ ਕੰਮ ਕਰਦੇ ਇਹ ਲੋਕ ਅਤੇ ਉਹਨਾਂ ਵਰਗੇ ਹੋਰ ਲੋਕ ਆਪਣੀ ਇਸ ਜ਼ਿੰਦਗੀ ਤੋਂ ਕਿਸ ਤਰ੍ਹਾਂ ਛੁਟਕਾਰਾ ਪਾ ਸਕਦੇ ਹਨ। ਹਿੰਦੁਸਤਾਨ ਦੇ ਸਿਆਸਤਦਾਨ ਉਹਨਾਂ ਲੋਕਾਂ ਦੀ ਕੋਈ ਮਦਦ ਨਹੀਂ ਕਰ ਸਕਦੇ। ਜਿਵੇਂ ਇਸ ਫਿਲਮ ਵਿੱਚ ਸਥਾਨਕ ਐਮ ਐਲ ਏ

ਨੂੰ ਆਧਾਰ ਬਣਾ ਕੇ ਦਿਖਾਇਆ ਗਿਆ ਹੈ, ਉਹ ਤਾਂ ਪਹਿਲਾਂ ਹੀ ਵੱਡੇ ਮੁਜਰਮਾਂ ਅਤੇ ਪੈਸੇ ਵਾਲਿਆਂ ਕੋਲ ਵਿਕੇ ਹੋਏ ਹਨ। ਫਿਲਮ ਵਿੱਚ ਇਹਨਾਂ ਲੋਕਾਂ ਦੀ ਮਦਦ ਲਈ ਇਕ ਚੈਰੀਟੇਬਲ ਐਨ ਜੀ ਓ (ਗੈਰ ਸਰਕਾਰੀ ਸੰਸਥਾ) ਨੂੰ ਕੰਮ ਕਰਦੇ ਦਿਖਾਇਆ ਗਿਆ ਹੈ। ਪਰ ਇਹ ਸੰਸਥਾ ਇਹਨਾਂ ਲੋਕਾਂ ਦੀ ਸਿਰਫ ਸੰਕਟਕਾਲੀਨ ਸਥਿਤੀ ਵਿੱਚ ਹੀ ਮਦਦ ਕਰਦੀ ਹੈ ਤਾਂ ਕਿ ਮੁਸੀਬਤ ਸਮੇਂ ਇਹਨਾਂ ਲੋਕਾਂ ਨੂੰ ਕੁਝ ਰਾਹਤ ਮਿਲ ਸਕੇ। ਪਰ ਉਹ ਇਹਨਾਂ ਲੋਕਾਂ ਨੂੰ ਆਪਣੀ ਸਥਿਤੀ ਦੇ ਵੱਡੇ ਸਿਆਸੀ, ਆਰਥਿਕ ਕਾਰਨਾਂ ਬਾਰੇ ਕੁਝ ਨਹੀਂ ਸਮਝਾਉਂਦੀ ਜਾਂ ਉਹਨਾਂ ਵਿਰੁੱਧ ਲੜਨ ਦਾ ਸੰਕੇਤ ਨਹੀਂ ਕਰਦੀ। ਇਸ ਤਰ੍ਹਾਂ ਜਾਪਦਾ ਹੈ ਕਿ ਇਹਨਾਂ ਲੋਕਾਂ ਦੀ ਅਸਲ ਆਜ਼ਾਦੀ ਲਈ ਇਹ ਗੈਰ-ਸਰਕਾਰੀ ਸੰਸਥਾ ਵੀ ਕੋਈ ਵੱਡੀ ਭੂਮਿਕਾ ਨਹੀਂ ਨਿਭਾ ਸਕਦੀ। ਫਿਰ ਇਹ ਲੋਕ ਆਪਣੀ ਆਜ਼ਾਦੀ ਕਿਸ ਤਰ੍ਹਾਂ ਪ੍ਰਾਪਤ ਕਰ ਸਕਦੇ ਹਨ, ਇਸ ਬਾਰੇ ਫਿਲਮ ਕੁਝ ਨਹੀਂ ਦਸਦੀ। ਸ਼ਾਇਦ ਇਹ ਇਸ ਫਿਲਮ ਦੀ ਇਕ ਵੱਡੀ ਕਮੀ ਹੈ।

ਸਮੁੱਚੇ ਰੂਪ ਵਿੱਚ ਟਰੈਫਿਕ ਸਿਗਨਲ ਇਕ ਦੇਖਣਯੋਗ ਫਿਲਮ ਹੈ। ਇਹ ਫਿਲਮ ਦਰਸ਼ਕਾਂ ਨੂੰ ਇਕ ਨਵੀਂ ਸਚਾਈ ਤੋਂ ਜਾਣੂ ਕਰਵਾਉਂਦੀ ਹੈ ਅਤੇ ਦਰਸ਼ਕਾਂ ਦੇ ਮਨਾਂ ਵਿੱਚ ਕਈ ਤਰ੍ਹਾਂ ਦੇ ਸੁਆਲ ਖੜ੍ਹੇ ਕਰਦੀ ਹੈ। ਮਧੁਰ ਭੰਡਾਰਕਰ ਵਲੋਂ ਨਿਰਦੇਸ਼ਿਤ ਇਹ ਫਿਲਮ ਵੀਡੀਓ ਦੇ ਆਮ ਭਾਰਤੀ ਸਟੋਰਾਂ ਤੋਂ ਮਿਲਦੀ ਹੈ।

**ਨੋਟ:** ਮਧੁਰ ਭੰਡਾਰਕਰ ਵਲੋਂ ਨਿਰਦੇਸ਼ਿਤ ਹੋਰ ਫਿਲਮਾਂ - **ਚਾਂਦਨੀ ਬਾਰ, ਪੇਜ** 3 **ਅਤੇ ਕਾਰਪੋਰੇਟ-** ਵੀ ਦੇਖਣਯੋਗ ਹਨ।